ਯੁਵਕ ਮੇਲੇ 'ਚ ਮੰਡੀ ਗੋਬਿੰਦਗੜ੍ਹ ਦੀ ਰਹੀ ਝੰਡੀ

ਮੰਡੀ ਗੋਬਿੰਦਗੜ੍ਹ, 7 ਫਰਵਰੀ (ਵਿਪਨ ਬਾਂਸਲ)- ਆਰ. ਆਈ. ਐਮ. ਟੀ. ਇੰਸਟੀਚਿਊਟ ਆਫ਼ ਮਨੈਜਮੈਂਟ ਅਤੇ ਕੰਪਿਊਟਰ ਟੈਕਨਾਲੋਜੀ ਮੰਡੀ ਗੋਬਿਦਗੜ੍ਹ ਵਿਚ ਨੈਸ਼ਨਲ ਪੱਧਰ ਦੇ ਅੰਤਰ ਕਾਲਜ ਯੁਵਕ ਮੇਲੇ 'ਰਿਧਮਜ 2010' ਵਿਚ ਓਵਰ ਆਲ ਟਰਾਫ਼ੀ ਐਸ.ਸੀ.ਡੀ. ਗੌਰਮਿੰਟ ਕਾਲਜ ਲੁਧਿਆਣਾ ਨੇ ਜਿੱਤ ਲਈ ਜਦੋਂਕਿ ਓਵਰ ਆਲ ਟਰਾਫ਼ੀ ਵਿਚ ਦੂਸਰਾ ਸਥਾਨ ਗੁਰੂ ਨਾਨਕ ਕੰਨਿਆਂ ਕਾਲਜ ਲੁਧਿਆਣਾ ਦੇ ਹਿਸੇ ਵਿਚ ਆਇਆ। ਇਨਾਮ ਵੰਡ ਸਮਾਗਮ ਵਿਚ ਇਨਸਪੈਕਟਰ ਜਨਰਲ ਪੰਜਾਬ ਸ੍ਰੀ ਜਗਦੀਸ ਮਿਤਲ ਨੇ ਮੁਖ ਮਹਿਮਾਨ ਵਜੋਂ ਸਿਰਕਤ ਕੀਤੀ ਅਤੇ ਵੱਖ ਵੱਖ ਖੇਤਰ ਵਿਚ ਮੱਲ੍ਹਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ। ਇਸ ਮੌਕੇ ਤੇ ਬੋਲਦਿਆਂ ਉਨ੍ਹਾਂ ਪੰਜਾਬ ਵਿਚ ਰਿਮਟ ਗਰੁਪ ਵਲੋਂ ਮਿਆਰੀ ਵਿਦਿਆ ਪ੍ਰਦਾਨ ਕਰਨ ਲਈ ਕਾਲਜ ਮਨੈਜਮੈਂਟ ਦੀ ਸਲਾਘਾ ਕੀਤੀ। ਇਸ ਪ੍ਰੋਗਰਾਮ ਦੀ ਸਲਾਘਾ ਕਰਦਿਆ ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਜਿਥੇ ਭਾਈਚਾਰਕ ਸਾਂਝ ਨੂੰ ਮਜਬੂਤ ਕਰਦੇ ਹਨ ਉਥੇ ਆਪਣੇ ਅਮੀਰ ਵਿਰਸੇ ਨਾਲ ਵੀ ਜੁੜਦੇ ਹੋਏ ਨਸ਼ਿਆਂ ਤੋਂ ਦੂਰ ਹੁੰਦੇ ਹਨ। ਉਨ੍ਹਾਂ ਅਜਿਹੇ ਪ੍ਰੋਗਰਾਮਾ ਤੇ ਜੋਰ ਦਿੰਦਿਆ ਕਿਹਾ ਕਿ ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਨਿਜਾਤ ਦਵਾਉਣ ਲਈ ਖੇਡਾਂ ਅਤੇ ਸਭਿਆਚਾਰਕ ਮੇਲੇ ਜਰੂਰੀ ਹਨ। ਇਨਾਮ ਵੰਡ ਸਮਾਗਮ ਦੀ ਪ੍ਰਧਾਨਗੀ ਰਿਮਟ ਗਰੁੱਪ ਦੇ ਚੈਅਰਮੈਨ ਡਾ. ਹੁਕਮ ਚੰਦ ਬਾਂਸਲ ਨੇ ਕੀਤੀ। ਕਾਲਜ਼ ਦੇ ਡਾਇਰੈਕਟਰ ਜਨਰਲ ਡਾ. ਬੀ.ਐਸ. ਭਾਟੀਆ ਨੇ ਮੁਖਮਹਿਮਾਨ ਅਤੇ ਪਤਵੰਤਿਆਂ ਨੂੰ ਜੀ ਆਇਆ ਨੂੰ ਕਿਹਾ। ਇਸ ਪ੍ਰੋਗਰਾਮ ਦੌਰਾਨ ਹੋਏ ਵੱਖ ਵੱਖ ਮੁਕਾਬਲੇ ਜਿਨ੍ਹਾਂ ਵਿਚ ਕੁਇੱਜ ਵਿਚੋਂ ਐਸ.ਸੀ.ਡੀ. ਸਰਕਾਰੀ ਕਾਲਜ ਲੁਧਿਆਣਾ, ਪੋਸਟਰ ਮੇਕਿੰਗ ਵਿਚ ਗੁਰੂ ਨਾਨਕ ਖਾਸਲਾ ਕਾਲਜ ਲੁਧਿਆਣਾ, ਕੋਲਾਜ ਮੇਕਿੰਗ ਵਿਚ ਗੌਰਮਿੰਟ ਕਾਲਜ ਮੋਹਲੀ, ਐਡ ਮੈਡ ਸੋਅ ਵਿਚ ਜੀ.ਜੀ.ਐਨ.ਆਈ.ਐਮ.ਟੀ. ਲੁਧਿਆਣਾ, ਰੰਗੋਲੀ ਵਿਚ ਗੁਰੂ ਨਾਨਕ ਕਾਲਜ ਫਾਰ ਗਰਲਜ ਲੁਧਿਆਣਾ, ਮਮਿਕਰੀ ਵਿਚ ਐਸ.ਏ. ਜੈਨ ਕਾਲਜ ਅੰਬਾਲਾ ਸੀਟੀ, ਸੈਲਡ ਡੇਕੋਰੇਸਨ ਵਿਚ ਸ੍ਰੀ ਅਰਬਿੰਦੋ ਕਾਲਜ ਲੁਧਿਆਣਾ, ਫਲਾਵਰ ਡੈਕੋਰੇਸਨ ਵਿਚ ਸੀ.ਜੀ.ਸੀ. ਲਾਡਰਾਂ, ਡਿਵੇਟ ਵਿਚ ਸੀ.ਜੀ.ਆਈ.ਸੀ.ਆਈ.ਆਈ.ਐਸ. ਜਲਵੇੜਾ ਫਤਿਹਗੜ੍ਹ ਸਾਹਿਬ, ਮਾਡਲਿੰਗ ਵਿਚ ਰਿਮਟ ਕਾਲਜ ਆਫ ਐਜੂਕੇਸਨ ਮੰਡੀ ਗੋਬਿੰਦਗੜ੍ਹ, ਸਕਿੱਟ ਵਿਚ ਦੇਸ ਭਗਤ ਇੰਸਟੀਚਿਊਟ ਮੰਡੀ ਗੋਬਿੰਦਗੜ੍ਹ, ਕੋਰੀਓਗਰਾਫੀ ਵਿਚ ਪੀ.ਐਮ.ਐਨ ਕਾਲਜ ਰਾਜਪੁਰਾ ਨੇ ਪਹਿਲਾ ਸਥਾਨ ਹਾਸਲ ਕੀਤਾ।

ਆਰ. ਆਈ. ਐਮ. ਟੀ. ਇੰਸਟੀਚਿਊਟ ਆਫ਼ ਮਨੈਜਮੈਂਟ ਅਤੇ ਕੰਪਿਊਟਰ ਟੈਕਨਾਲੋਜੀ ਮੰਡੀ ਗੋਬਿੰਦਗੜ੍ਹ ਵਿਚ ਅੰਤਰ ਕਾਲਜ ਯੁਵਕ ਮੇਲੇ ਵਿਚ ਓਵਰ ਆਲ ਟਰਾਫ਼ੀ ਹਾਸਲ ਕਰਨ ਵਾਲੀ ਸਰਕਾਰੀ ਕਾਲਜ ਲੁਧਿਆਣਾ ਦੀ ਟੀਮ ਮੁੱਖਮਹਿਮਾਨ ਸ੍ਰੀ ਜਗਦੀਸ ਮਿਤਲ ਅਤੇ ਰਿਮਟ ਗਰੁੱਪ ਦੇ ਚੈਅਰਮੈਨ ਡਾ. ਹੁਕਮ ਚੰਦ ਬਾਂਸਲ ਪਾਸੋ ਇਨਾਮ ਹਾਸਲ ਕਰਦੀ ਹੋਈ। ਤਸਵੀਰ: ਵਿਪਨ ਬਾਂਸਲ

ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ

ਫਿਰੋਜ਼ਪੁਰ, 7 ਫਰਵਰੀ (ਜੀ.ਐਸ. ਕਾਲੜਾ)-ਜ਼ਿਲ੍ਹਾ ਫਿਰੋਜ਼ਪੁਰ ਵਿੱਚ 0 ਤੋਂ 5 ਸਾਲ ਤੱਕ ਦੇ 3.12908 ਬੱਚਿਆਂ ਨੂੰ ਪਲਸ ਪੋਲੀਓ ਦੀਆਂ ਦੋ ਬੂੰਦਾਂ ਪਿਆਉਣ ਦੇ ਦੂਸਰੇ ਰਾਊਂਡ ਦੀ ਮੁਹਿੰਮ ਦਾ ਉਦਘਾਟਨ ਸ੍ਰੀ ਕਮਲ ਕਿਸ਼ੋਰ ਯਾਦਵ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੇ ਮੰਦਰ ਨੇਨੂੰ ਭਗਤ ਬਸਤੀ ਕੰਬੋਜ ਅਤੇ ਬਸਤੀ ਸ਼ੇਕਾਂ ਵਾਲੀ ਵਿਖੇ ਆਪਣੇ ਹੱਥੀਂ ਨਿਕੜਿਆਂ ਨੂੰ ਪੋਲੀਓ ਦੀ ਦਵਾਈ ਪਿਆ ਕੇ ਕੀਤਾ। ਇਸ ਮੌਕੇ 'ਤੇ ਉਨ੍ਹਾਂ ਨਾਲ ਡਾ. ਜੀ.ਐਸ. ਢਿੱਲੋਂ ਜ਼ਿਲ੍ਹਾ ਟੀਕਾਕਰਨ ਅਫਸਰ ਸ੍ਰੀ ਅਸ਼ੋਕ ਕੁਮਾਰ ਹਾਂਡਾ ਜ਼ਿਲ੍ਹਾ ਲੋਕ ਸੰਪਰਕ ਅਫਸਰ, ਡਾ. ਬਲਦੇਵ ਅਰੋੜਾ, ਰੋਟੇਰੀਅਨ ਪ੍ਰਿਥਵੀ ਰਾਜ ਮੌਂਗਾ, ਰੋਟੇਰੀਅਨ ਰਵੀ ਗੁਪਤਾ, ਸ੍ਰੀ ਜਤਿੰਦਰ ਮਹਿਰਾ, ਪ੍ਰਧਾਨ ਆਲ ਇੰਡੀਆ ਖੱਤਰੀ ਮਹਾਂ ਸਭਾ, ਸ੍ਰੀ ਇੰਦਰ ਕੁਮਾਰ ਹਾਂਡਾ ਪ੍ਰਧਾਨ ਜ਼ਿਲ੍ਹਾ ਖੱਤਰੀ ਸਭਾ, ਸ੍ਰੀ ਪੀ.ਸੀ. ਕੁਮਾਰ ਚੇਅਰਮੈਨ ਤੋਂ ਇਲਾਵਾ ਵੱਖ-ਵੱਖ ਧਾਰਮਿਕ ਅਤੇ ਸਵੇ ਸੇਵੀ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

ਦੁਆਬੇ ਦਾ ਮਸ਼ਹੂਰ 6ਵਾਂ ਕਬੱਡੀ ਗੋਲਡ ਕੱਪ 23 ਨੂੰ-ਨਿੱਝਰ

ਬੱਬੂ ਮਾਨ ਦਾ ਲੱਗੇਗਾ ਖੁੱਲ੍ਹਾ ਅਖਾੜਾ

ਕਬੱਡੀ ਸਟਾਰ ਸੰਦੀਪ ਲੱਲੀਆ ਦੀ ਕਬੱਡੀ ਹੋਵੇਗੀ ਵਿਸ਼ੇਸ਼ ਆਕਰਸ਼ਣ

ਜਲੰਧਰ, 7 ਫਰਵਰੀ (ਮਲਕੀਤ ਸਿੰਘ ਬਰਾੜ) ਦੁਆਬੇ ਦਾ ਸਭ ਤੋਂ ਵੱਡਾ ਅਤੇ ਮਸ਼ਹੂਰ 6ਵਾਂ ਕਬੱਡੀ ਗੋਲਡ ਕੱਪ ਇਸ ਵਾਰ ਵੀ ਬੇਹੱਦ ਉਤਸ਼ਾਹ ਨਾਲ ਹੋ ਰਿਹਾ ਹੈ। ਇਹ ਟੂਰਨਾਮੈਂਟ ਐਨ. ਆਰ. ਆਈ. ਉਤਸ਼ਾਹੀ ਪੰਜਾਬ ਦੇ ਨੌਜਵਾਨ ਨਿੱਝਰ ਅਤੇ ਪੱਡਾ ਵੱਲੋਂ ਸ਼ਾਨਦਾਰ ਤਰੀਕੇ ਨਾਲ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਪੰਜਾਬ ਦੀ ਜਵਾਨੀ ਨੂੰ ਨਸ਼ੇ ਅਤੇ ਸਮਾਜਿਕ ਬੁਰਾਈਆਂ ਛੱਡ ਕੇ ਖੇਡਾਂ ਨਾਲ ਜੋੜਨ ਲਈ ਪ੍ਰੇਰਿਆ ਜਾਂਦਾ ਹੈ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਕਪੂਰਥਲਾ ਰਜਿ. ਵੱਲੋਂ 6ਵਾਂ ਕਬੱਡੀ ਗੋਲਡ ਕੱਪ ਮਹਾਂ ਕੁੰਭ ਗੁਰੂ ਨਾਨਕ ਸਟੇਡੀਅਮ ਵਿਖੇ ਇਸ ਵਾਰ 23 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਨੂੰ ਲੈ ਕੇ ਵੱਖ-ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਐਨ. ਆਰ. ਆਈ. ਵੀਰਾਂ ਵਿੱਚ ਭਾਰੀ ਖੁਸ਼ੀ ਅਤੇ ਉਤਸਾਹ ਪਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਦੀ ਤਿਆਰੀ ਨੂੰ ਲੈ ਕੇ ਕਈ ਐਨ. ਆਰ. ਆਈ. ਵੀਰ ਭਾਰਤ ਪੁੱਜ ਚੁੱਕੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਲੱਬ ਦੇ ਚੇਅਰਮੈਨ ਸ. ਗੁਰਦਿਆਲ ਸਿੰਘ ਪੱਡਾ, ਪ੍ਰਧਾਨ ਤੇਜਿੰਦਰ ਸਿੰਘ ਨਿੱਝਰ ਅਤੇ ਚੀਫ਼ ਪੈਟਰਨ ਸੁਖਵਿੰਦਰ ਸਿੰਘ ਨੇਕੀ ਨੇ ਆਪਣੀ ਗੱਲਬਾਤ ਦੌਰਾਨ ਕੀਤਾ। ਪ੍ਰਧਾਨ ਤੇਜਿੰਦਰ ਨਿੱਝਰ ਨੇ ਦੱਸਿਆ ਕਿ 23 ਫ਼ਰਵਰੀ ਨੂੰ ਹੋਣ ਵਾਲਾ ਕਬੱਡੀ ਮਹਾਂ ਕੁੰਭ ਇੱਕ ਯਾਦਗਾਰੀ ਟੂਰਨਾਮੈਂਟ ਹੋਵੇਗਾ। ਜਿਸ ਵਿੱਚ 8 ਅੰਤਰਰਾਸ਼ਟਰੀ ਟੀਮਾਂ ਭਾਗ ਲੈਣਗੀਆ ਅਤੇ ਨੌਜਵਾਨ ਦੇ ਦਿਲਾਂ ਦੀ ਧੜਕਣ 'ਇੱਕ ਬਾਬਾ ਨਾਨਕ ਸੀ' ਗਾਣੇ ਨਾਲ ਜਾਣਿਆ ਜਾਂਦਾ ਮਸ਼ਹੂਰ ਗਾਇਕ ਬੱਬੂ ਮਾਨ ਦਾ ਖੁੱਲ੍ਹਾ ਅਖਾੜਾ ਲੱਗੇਗਾ। ਕਬੱਡੀ ਸਟਾਰ ਸੰਦੀਪ ਲੱਲੀਆ ਦੀ ਕਬੱਡੀ ਵਿਸ਼ੇਸ਼ ਆਕਰਸ਼ਣ ਹੋਵੇਗੀ। ਉੱਘੇ ਕਬੱਡੀ ਖਿਡਾਰੀਆਂ ਨੂੰ ਮੋਟਰਸਾਇਕਲ ਤੇ ਗੱਡੀਆਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਜਿੱਥੇ ਇਸ ਕਬੱਡੀ ਮਹਾਂਕੁੰਭ ਨੂੰ ਸਫ਼ਲ ਬਣਾਉਣ ਵਾਸਤੇ ਐਨ. ਆਰ. ਆਈ. ਵੀਰਾਂ ਵਿੱਚ ਭਾਰੀ ਉਤਸ਼ਾਹ ਹੈ। ਉੱਥੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਵੀ ਲਿਆ ਜਾਣਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਬਲਜੀਤ ਸਿੰਘ ਪੱਡਾ, ਮੁਖਤਿਆਰ ਸਿੰਘ ਪੱਡਾ, ਬੰਕਾ ਮਨਸੂਰਵਾਲ, ਪੀਤਾ ਪੰਡਾਲ, ਜੱਸਾ ਪੰਡਾਲ, ਕਾਲਾ ਖਾਨੋਵਾਲ, ਕੁਲਵੰਤ ਸਿੰਘ ਰੰਧਾਵਾ, ਜਸਵੀਰ ਸਿੰਘ ਮੰਗੀ, ਰੂਬੀ ਟਿੱਬਾ, ਪਵਿੱਤਰ ਪਿੱਤਾ ਵਡਾਲਾ ਕਲਾਂ, ਦੇਵ ਖੇੜਾ, ਰਾਜ ਕੁਮਾਰ ਸੱਲਾਂ, ਸੰਤੋਖ ਸਿੰਘ ਸਫ਼ਰੀ, ਬਾਬੂ ਮਾਨ ਸਿੰਘ ਦੱਬਈ ਵਾਲੇ ਆਦਿ ਹਾਜ਼ਰ ਸਨ।

ਸ. ਤੇਜਿੰਦਰ ਸਿੰਘ ਨਿੱਝਰ

ਪੋਲੀਓ ਬੂੰਦਾਂ ਪਲਾਈਆਂ

ਪੋਲਿਓ ਦੀ ਖੁਰਾਕ ਸਬੰਧੀ ਲੋਕਾ ਵਿਚ ਜਾਗਰੂਕਤਾ ਪੈਦਾ ਕਰਨ ਲਈ ਸਿਵਲ ਹਸਪਤਾਲ ਅਮਲੋਹ ਵੱਲੋ ਕੱਢੀ ਜਾਗਰੂਕਤਾ ਰੈਲੀ ਦਾ ਦ੍ਰਿਸ਼। ਤਸਵੀਰ: ਵਿਪਨ ਬਾਂਸਲ।

ਅਮਲੋਹ, 7 ਫਰਵਰੀ (ਵਿਪਨ ਬਾਂਸਲ)- ਪੋਲਿਓ ਜਿਹੀ ਨਾਮੁਰਾਦ ਬਿਮਾਰੀ ਨੂੰ ਜੜ੍ਹੋ ਖਤਮ ਕਰਨ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਸਿਹਤ ਵਿਭਾਗ ਵੱਲੋਂ 7, 8, 9 ਫਰਵਰੀ ਨੂੰ ਦੂਜੇ ਗੇੜ ਦੀ ਪਿਲਾਈ ਜਾ ਰਹੀ ਪੋਲਿਓ ਦੀ ਖੁਰਾਕ ਸਬੰਧੀ ਲੋਕਾ ਵਿਚ ਜਾਗਰੂਕਤਾ ਪੈਦਾ ਕਰਨ ਲਈ ਅੱਜ ਸਥਾਨਕ ਸਿਵਲ ਹਸਪਤਾਲ ਅਮਲੋਹ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਦੀਆਂ ਲੜਕੀਆਂ ਵੱਲੋਂ ਡਾ. ਗੁਲਜਾਰ ਸਿੰਘ ਦੀ ਅਗਵਾਈ ਹੇਠ ਰੈਲੀ ਕੱਢੀ ਗਈ ਜਿਸ ਨੂੰ ਐਸ.ਐਮ.ਓ. ਜਗਦੀਸ ਕੌਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜੋ ਕਿ ਸ਼ਹਿਰ ਦੀਆਂ ਗਲੀਆਂ ਸੜਕਾ ਵਿਚੋਂ ਦੀ ਹੁੰਦੀ ਸਿਵਲ ਹਸਪਤਾਲ ਅਮਲੋਹ ਵਿਖੇ ਸਮਾਪਤ ਹੋਈ। ਇਸ ਮੌਕੇ ਡਾ. ਬਬੀਤਾ ਅਬਰੋਲ, ਸੁਖਵਿੰਦਰ ਸਿੰਘ, ਸਰਬਜੀਤ ਕੌਰ, ਬਲਜਿੰਦਰ ਕੌਰ, ਨਛੱਤਰ ਕੌਰ, ਮਹਿੰਦਰ ਕੌਰ, ਪ੍ਰਵੀਨ ਸਿੰਘ ਮਿੱਤਲ ਤੋ ਇਲਾਵਾ ਸਟਾਫ਼ ਮੈਂਬਰ ਹਾਜ਼ਰ ਸਨ।

ਸਿੱਖ ਸੰਗਤਾਂ ਪੰਥ ਵਿਰੋਧੀ ਤਾਕਤਾਂ ਦੇ ਖ਼ਿਲਾਫ਼ ਲਾਮਬੰਦ ਹੋਣ-ਜਥੇ. ਬਲਦੇਵ ਸਿੰਘ

40ਵੇਂ ਗੇੜ ਦੇ ਸਮਾਗਮਾਂ ਲਈ ਪ੍ਰਚਾਰ ਮੁਹਿੰਮ ਲੁਧਿਆਣਾ ਲਈ ਰਵਾਨਾ

ਅੰਮ੍ਰਿਤਸਰ, 7 ਫਰਵਰੀ (ਮੋਤਾ ਸਿੰਘ) ਸਿੱਖ ਪੰਥ ਨੂੰ ਦਰਪੇਸ਼ ਆ ਰਹੀਆ ਚੁਣੌਤੀਆਂ ਦੇ ਖਿਲਾਫ ਸਿੱਖ ਸੰਗਤਾਂ ਪੰਥ ਵਿਰੋਧੀ ਤਾਕਤਾ ਦੇ ਖਿਲਾਫ ਲਾਮਬੰਦ ਹੋਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਿੱਖੀ ਪ੍ਰਚਾਰ ਨੂੰ ਘਰ-ਘਰ ਪਹੁੰਚਾਉਣ ਲਈ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਤੇ ਧਰਮ ਪ੍ਰਚਾਰ ਦੇ ਮੁੱਖੀ ਜਥੇਦਾਰ ਬਲਦੇਵ ਸਿੰਘ ਨੇ 40ਵੇਂ ਗੇੜ ਦੀ ਧਰਮ ਪ੍ਰਚਾਰ ਮੁਹਿੰਮ ਲਈ ਰਵਾਨਾਂ ਹੋਣ ਤੋਂ ਪਹਿਲਾ ਭਾਈ ਗੁਰਦਾਸ ਹਾਲ ਵਿਖੇ ਕੀਤਾ। ਉਨ੍ਹਾਂ ਕਿਹਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਦਿਸ਼ਾ ਨਿਰਦੇਸ਼ਨਾ ਤੇ ਪ੍ਰਚਾਰ ਵਹੀਰ ਵਲੋਂ ਲੁਧਿਆਣਾ ਦੇ ਵੱਖ ਵੱਖ ਪਿੰਡਾਂ ਵਿਚ ਧਾਰਮਿਕ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਧਰਮ ਪ੍ਰਚਾਰ ਵਹੀਰ ਦਾ ਪਹਿਲਾ ਸਮਾਗਮ 8 ਫਰਵਰੀ ਨੂੰ ਪਿੰਡ ਕੈਲਪੁਰ 'ਚ, ਦੂਜਾ 9 ਨੂੰ ਪਿੰਡ ਚੱਕ ਕਲਾਂ 'ਚ, ਤੀਸਰਾ ਪਿੰਡ ਹੰਬੜਾ 'ਚ, ਚੌਥਾ ਪਿੰਡ ਮੋਹੀ 'ਚ ਅਤੇ ਪੰਜਵਾਂ ਅਤੇ ਮੁਖ ਸਮਾਗਮ 12 ਫਰਵਰੀ ਨੂੰ ਪਿੰਡ ਢੱਟ ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਲਹਿਰ ਵਲੋਂ ਸਿੱਖ ਨੌਜਵਾਨਾ ਦੇ ਕੇਸ ਰੱਖਣ ਲਈ ਪ੍ਰੇਰਨਾ, ਨਸ਼ਾ ਛੁਡਾਉਣਾ, ਪਤਿਤ-ਪੁਣੇ ਨੂੰ ਠੱਲ ਪਾਉਣ ਲਈ ਨਿਗੱਰ ਯਤਨ ਜਾਰੀ ਰਹੀਣਗੇ। ਇਹਨਾਂ ਸਮਾਗਮਾਂ ਦੇ ਮੁਖ ਪ੍ਰਬੰਧਕ ਇਲਾਕੇ ਦੇ ਮੈਂਬਰ ਸ਼੍ਰਮਣੀ ਕਮੇਟੀ ਸ. ਸੁਰਿੰਦਰਪਾਲ ਸਿੰਘ ਬਦੋਵਾਲ ਹੋਣਗੇ। ਸਮਾਗਮਾਂ ਦੌਰਾਨ ਰੋਜਾਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਅੰਮ੍ਰਿਤਪਾਨ ਕਰਵਾਉਣਗੇ। ਜਿਹੜੇ ਪ੍ਰਾਣੀ ਅੰਮ੍ਰਿਤਪਾਨ ਕਰਨਗੇ ਉਨ੍ਹਾਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵੱਲੋਂ ਮੁਫ਼ਤ ਕਕਾਰ ਦਿੱਤੇ ਜਾਣਗੇ। ਇਸ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਐਡੀਸ਼ਨਲ ਸਕੱਤਰ ਭਾਈ ਹਰਜੀਤ ਸਿੰਘ, ਭਾਈ ਤਮਿੰਦਰ ਸਿੰਘ ਮੀਡੀਆ ਸਲਾਹਕਾਰ, ਸ਼੍ਰੀ ਹਰਿਮੰਦਰ ਸਾਹਿਬ ਤੋਂ ਪੁਜੇ ਦੋ ਹਜ਼ੂਰੀ ਰਾਗੀ ਜਥੇ, ਪ੍ਰਚਾਰਕ ਭਾਈ ਸਰਬਜੀਤ ਸਿੰਘ ਸੋਹੀਆ, ਭਾਈ ਕੁਲਰਾਜ ਸਿੰਘ ਵੱਲਾ, ਭਾਈ ਇੰਦਰਜੀਤ ਸਿੰਘ, ਭਾਈ ਮਨਜੀਤ ਸਿੰਘ, ਭਾਈ ਗੁਰਮੁਖ ਸਿੰਘ ਧਰਮੀ ਫੋਜੀ ਭਾਈ ਮੇਹਰ ਸਿੰਘ, ਭਾਈ ਕਿਰਪਾਲ ਸਿੰਘ ਬਾਦੀਆ, ਭਾਈ ਮੇਜਰ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਗੁਰਬਚਨ ਸਿੰਘ ਤੋਂ ਇਲਾਵਾ

(ਫੋਟੋ : ਜੀ. ਐਸ. ਪੰਕਜ)

ਆਤਮਿਕ ਗਿਆਨ ਹੀ ਸਭ ਤੋਂ ਵੱਡਾ ਗਿਆਨ

ਬੱਧਨੀ ਕਲਾਂ, 7 ਫਰਵਰੀ (ਪੱਤਰ ਪ੍ਰੇਰਕ)-ਗੁਣ ਢੂੰਡਣ ਦੀ ਆਦਤ ਤੁਹਾਨੂੰ ਗੁਣਵਾਨ ਬਣਾ ਦੇਵੇਗੀ। ਇਹ ਉਪਰੋਕਤ ਸ਼ਬਦ ਲਾਲਾ ਲਾਜਪਤ ਰਾਏ ਮੈਮੋਰੀਅਲ ਪਾਲੀਟੈਕਨਿਕ ਕਾਲਜ ਅਜੀਤਵਾਲ (ਮੋਗਾ) ਵਿਖੇ ਬ੍ਰਹਮ ਕੁਮਾਰੀ ਆਸ਼ਰਮ ਮੋਗਾ ਵੱਲੋਂ ਸੈਮੀਨਾਰ ਕਰਾਉਂਦਿਆਂ ਇੰਜੀ. ਰਾਮ ਪ੍ਰਕਾਸ਼ ਸਿੰਗਲਾ (ਯੂ.ਐਸ.ਏ.) ਅਤੇ ਭੈਣ ਜੀ ਬੀ.ਕੇ. ਸੰਜੀਵਨੀ ਜੀ ਦੁਆਰਾ ਕਾਲਜ ਵਿਦਿਆਰਥੀਆਂ ਅਤੇ ਸਟਾਫ ਮੈਂਬਰ ਦੇ ਰੂ-ਬ-ਰੂ ਹੁੰਦਿਆਂ ਕਹੇ। ਉਨ੍ਹਾਂ ਕਿਹਾ ਕਿ ਸਿਮਰਨ ਕਰਨ ਨਾਲ ਅੰਦਰੂਨੀ ਸ਼ਕਤੀ ਦੇ ਉਜਗਾਰ ਹੋਣ, ਸ਼ਾਂਤੀ ਅਤੇ ਇਕਾਗਰਤਾ ਦੇ ਨਾਲ-ਨਾਲ ਚੜ੍ਹਦੀ ਕਲਾ ਵੱਲ ਰੁਝਾਨ ਹੋਣ ਅਤੇ ਕਮੀਆਂ ਪੂਰੀਆਂ ਹੋਣ ਦਾ ਵਿਸ਼ਵਾਸ ਦੁਆਉਂਦੀਆਂ ਹਨ। ਡਾ. ਨਰੇਸ਼ ਸੂਦ ਨੇ ਕਿਹਾ ਕਿ ਆਤਮਿਕ ਗਿਆਨ ਹੀ ਸਭ ਤੋਂ ਵੱਡਾ ਗਿਆਨ ਹੈ ਅਤੇ ਮਨੁੱਖ ਨੂੰ ਕੁਦਰਤ ਦੀ ਬਣਦੀ ਹਰ ਚੀਜ਼ ਵਿੱਚ ਪ੍ਰਮਾਤਮਾ ਦੀ ਭਾਲ ਕਰਨੀ ਚਾਹੀਦੀ ਹੈ।

ਗਰੀਬਾਂ ਨੂੰ ਮਾਲੀ ਸਹਾਇਤਾ ਦਿੱਤੀ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਮੈਂਬਰ ਸ੍ਰੀ ਰਵਿੰਦਰ ਸਿੰਘ ਖਾਲਸਾ ਪਿੰਡ ਮਾਜਰੀ ਜੱਟਾ ਵਿਖੇ ਗਰੀਬ ਪ੍ਰੀਵਾਰ ਦੇ ਲੋਕਾ ਨੂੰ ਮਾਲੀ ਮਦਦ ਦਿੰਦੇ ਹੋਏ। ਤਸਵੀਰ: ਵਿਪਨ ਬਾਂਸਲ।

ਮੰਡੀ ਗੋਬਿੰਦਗੜ੍ਹ, 7 ਫਰਵਰੀ (ਵਿਪਨ ਬਾਂਸਲ)- ਸਾਨੂੰ ਆਪਣੇ ਗੁਰੂਆ ਦੇ ਦਰਸਾਏ ਮਾਰਗ ਤੇ ਚੱਲਦੇ ਹੋਏ ਦਸਾਂ ਨਹੁਆ ਦੀ ਕੀਰਤ ਕਮਾਈ ਕਰਨੀ ਚਾਹੀਦੀ ਹੈ ਅਤੇ ਮਾਨਵਤਾ ਦੀ ਭਲਾਈ ਲਈ ਸਾਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਮੈਂਬਰ ਸ੍ਰੀ ਰਵਿੰਦਰ ਸਿੰਘ ਖਾਲਸਾ ਨੇ ਪਿੰਡ ਮਾਜਰੀ ਜੱਟਾ ਵਿਖੇ ਗਰੀਬ ਵਰਗ ਦੇ ਲੋਕਾ ਨੂੰ ਬਿਸਤਰੇ ਬਣਾਉਣ ਲਈ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦਿੰਦੇ ਹੋਏ ਕਹੇ। ਇਸ ਮੌਕੇ 'ਤੇ ਭਾਈ ਰਵਿੰਦਰ ਸਿੰਘ ਖਾਲਸਾ ਦਾ ਪਿੰਡ ਵਾਸੀਆਂ ਵੱਲੋਂ ਧੰਨਵਾਦ ਕਰਦੇ ਹੋਏ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ, ਸਰਪੰਚ ਬੰਤ ਕੌਰ, ਪ੍ਰੀਤਮ ਸਿੰਘ, ਬਾਬਾ ਅਜੀਤ ਸਿੰਘ, ਗੁਰਮੇਲ ਸਿੰਘ ਮਹਿੰਦਰ ਸਿੰਘ, ਚੰਦ ਸਿੰਘ, ਦਵਿੰਦਰ ਸਿੰਘ, ਜਗਦੀਸ ਸਿੰਘ, ਬਲਪਿੰਦਰ ਸਿੰਘ, ਭਿੰਦਰ ਸਿੰਘ ਪ੍ਰਧਾਨ ਆਦਿ ਪਿੰਡ ਵਾਸੀ ਹਾਜ਼ਰ ਸਨ।

ਬੁਲੋਵਾਲ ਦੇ ਬੱਸ ਸਟੈਂਡ ਦੀ ਖਸਤਾ ਹਾਲਤ ਸ਼ੈਡ ਦਾ ਦ੍ਰਿਸ਼।

ਐੱਸ. ਜੀ. ਐੱਲ. ਹਸਪਤਾਲ 'ਚ ਲੱਗਾ 'ਪਲਸ ਪੋਲੀਓ ਕੈਂਪ

(ਫੋਟੋ : ਕੁਲਦੀਪ ਸਟੂਡੀਓ)

ਜਲੰਧਰ 7 ਫਰਵਰੀ (ਪ.ਪ.) ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ , ਇਨ੍ਹਾਂ ਦੀ ਸੁਚੱਜੀ ਪ੍ਰਵਰਿਸ਼ ਕਰਨਾ ਸਾਡਾ ਮੁੱਖ ਫਰਜ਼ ਬਣਦਾ ਹੈ । ਇਹ ਵਿਚਾਰ ਅੱਜ ਦੇਸ਼ ਭਰ 'ਚ ਪੋਲੀਓ ਵਰਗੀ ਨਾ-ਮੁਰਾਦ ਬੀਮਾਰੀ ਨੂੰ ਜੜ੍ਹ ਤੋਂ ਖਤਮ ਕਰਨ ਲਈ ਵਿੱਢੀ ਗਈ ਮੁਹਿੰਮ ਤਹਿਤ ਐੱਸ .ਜੀ .ਐੱਲ ਚੈਰੀਟੇਬਲ ਹਸਪਤਾਲ ਗੜ੍ਹਾ ਵਿਖੇ ਲਗਾਏ ਗਏ 'ਪਲਸ ਪੋਲੀਓ ਕੈਂਪ' ਦਾ ਉਦਘਾਟਨ ਕਰਨ ਮਗਰੋਂ ਇਸ ਚੈਰੀਟੇਬਲ ਹਸਪਤਾਲ ਦੇ ਫਾਊਂਡਰ ਚੇਅਰਮੈਨ ਬਾਬਾ ਕਸ਼ਮੀਰਾ ਸਿੰਘ ਜੀ ਨੇ ਪ੍ਰਗਟ ਕੀਤੇ। ਬਾਬਾ ਜੀ ਨੇ ਅੱਗੇ ਕਿਹਾ ਕਿ ਹਰੇਕ ਇਨਸਾਨ ਦਾ ਫਰਜ਼ ਬਣਦਾ ਹੈ ਕਿ ਆਪਣੇ 0 ਤੋਂ 05 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਜ਼ਰੂਰ ਪਿਲਾਉਣ ਤਾਂ ਜੋ ਕੋਈ ਵੀ ਬੱਚਾ ਪੋਲੀਓ ਵਰਗੀ ਨਾ-ਮੁਰਾਦ ਬੀਮਾਰੀ ਦੀ ਲਪੇਟ 'ਚ ਨਾ ਆਵੇ । ਬਾਬਾ ਜੀ ਨੇ ਅੱਗੇ ਕਿਹਾ ਕਿ ਜੇਕਰ ਅੱਜ ਕੋਈ ਬੱਚਾ ਰਹਿ ਵੀ ਜਾਂਦਾ ਹੈ ਤਾਂ ਸਰਕਾਰ ਵਲੋਂ ਘਰ-ਘਰ ਦਵਾਈ ਪਿਲਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ ।

ਪੰਜਾਬ ਦੀ ਅਕਾਲੀ ਭਾਜਪਾ ਗਠਜੋੜ ਸਰਕਾਰ ਵਪਾਰ ਨੂੰ ਪੂਰੀ ਤਰ੍ਹਾਂ ਖਤਮ ਕਰਨ ਵਿੱਚ ਲੱਗੀ ਹੈ : ਧਰਮਸੋਤ

ਫਤਿਹਗੜ੍ਹ ਸਾਹਿਬ, 7 ਫਰਵਰੀ (ਪਰਦੀਪ ਸਿੰਘ) : ਅਮਲੋਹ ਦੇ ਵਿਧਾਇਕ ਸਾਧੂ ਸਿੰਘ ਧਰਮਸੋਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਦੀ ਅਕਾਲੀ ਭਾਜਪਾ ਗਠਜੋੜ ਸਰਕਾਰ ਵਪਾਰ ਨੂੰ ਪੂਰੀ ਤਰ੍ਹਾਂ ਖਤਮ ਕਰਨ ਵਿੱਚ ਲੱਗੀ ਹੈ। ਵਪਾਰੀ ਵਰਗ ਪਹਿਲਾਂ ਹੀ ਟੈਕਸਾਂ ਦੀ ਮਾਰ ਹੇਠ ਦਬੇ ਹੋਏ ਹਨ ਅਤੇ ਮੌਜੂਦਾ ਸਰਕਾਰ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦਿਆਂ ਵਿੱਚ ਇਕ ਵਿੱਚ ਵੀ ਖਰਾ ਨਹੀਂ ਉਤਰੀ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਸੁਖਬੀਰ ਸਿੰਘ ਬਾਦਲ ਅਤੇ ਮਨੋਰੰਜਨ ਕਾਲੀਆ ਦੀ ਦੋ ਮੈਂਬਰੀ ਕਮੇਟੀ ਦੀ ਸਿਫਾਰਿਸ਼ ਲਾਗੂ ਕਰਕੇ ਪੰਜਾਬ ਦੇ ਵਪਾਰੀਆਂ ਦੇ ਲਈ ਨਵੀਆਂ ਮੁਸੀਬਤ ਛੇੜ ਦਿੱਤੀ ਹੈ । ਪੰਜਾਬ ਦੇ ਉਦਯੋਗ ਪਹਿਲਾਂ ਹੀ ਮੰਦੀ ਦੀ ਮਾਰ ਝੱਲ ਰਹੇ ਹਨ। ਅਜਿਹੇ ਵਿੱਚ ਪੰਜਾਬ ਸਰਕਾਰ ਦੇ ਵੱਲੋਂ ਵੈਟ ਤੇ 10 ਪ੍ਰਤੀਸ਼ਤ ਸਰਚਾਰਜ ਲਗਾ ਕੇ ਵਪਾਰੀ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਵਪਾਰੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਦੇ ਲਈ ਕੇਂਦਰ ਸਰਕਾਰ ਵੱਲੋਂ ਬਣਾਇਆ ਜਾ ਰਿਹਾ ਜੀ ਐਸ ਟੀ ਗੁਡਸ ਸਰਵਿਸ ਟੈਕਸ ਜਲਦੀ ਹੀ ਲਾਗੂ ਕਰਵਾਉਣ ਦੇ ਲਈ ਕੇਂਦਰੀ ਮੰਤਰੀ ਨਾਲ ਮੁਲਾਕਾਤ ਕਰਨਗੇ। ਸ੍ਰੀ ਧਰਮਸੋਤ ਨੇ ਕਿਹਾ ਕਿ ਵਪਾਰ ਨੂੰ ਬਚਾਉਣ ਦੇ ਲਈ ਇਸ ਟੈਕਸ ਦਾ ਜਲਦੀ ਲਾਗੂ ਹੋਣਾ ਜਰੂਰੀ ਹੈ। ਇਸ ਮੌਕੇ ਤੇ ਪੰਜਾਬ ਕਾਂਗਰਸ ਦੇ ਸਕੱਤਰ ਹਰਿੰਦਰ ਸਿੰਘ ਭਾਂਬਰੀ, ਨਰਿੰਦਰ ਸਿੰਘ ਸੇਖੋਂ, ਬਲਾਕ ਕਾਂਗਰਸ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਰਜਿੰਦਰ ਬਿੱਟੂ, ਬਲਵੰਤ ਰਾਏ ਖੰਨਾ, ਵਰੁਣ ਬਾਂਸਲ, ਸ਼ਿਵ ਕੁਮਾਰ ਸ਼ਾਹੀ, ਆਨੰਦ ਪਨੇਸਰ ਅਤੇ ਹੋਰ ਹਾਜਰ ਸਨ।

ਸਾਧੂ ਸਿੰਘ ਧਰਮਸੋਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ। ਫੋਟੋ : ਪਰਦੀਪ ਸਿੰਘ

ਡੇਰਾ ਬੱਲਾਂ ਦੇ ਇਕ ਪ੍ਰਮੁੱਖ ਸੰਤ ਵੱਲੋਂ ਵੱਖਰੇ ਧਰਮ ਗ੍ਰੰਥ ਦਾ ਵਿਰੋਧ

ਜਲੰਧਰ, 7 ਫਰਵਰੀ (ਆਵਾਜ਼ ਨਿਊਜ਼ ਸਰਵਿਸ)- ਇੱਥੋਂ ਨੇੜੇ ਪੈਂਦੇ ਵਿਵਾਦਗ੍ਰਸਤ ਡੇਰਾ ਸੱਚਖੰਡ ਬੱਲਾਂ ਨਾਲ ਸਬੰਧਤ ਇਕ ਪ੍ਰਮੁੱਖ ਸੰਤ ਨੇ ਵੱਖਰੇ ਧਰਮ ਗ੍ਰੰਥ ਦਾ ਤਿੱਖਾ ਵਿਰੋਧ ਕੀਤਾ ਹੈ। ਇਹ ਡੇਰਾ ਵੱਖਰੇ ਰਵਿਦਾਸ ਧਰਮ ਨੂੰ ਕਾਇਮ ਕਰਨ ਲਈ ਜੁਟਿਆ ਹੋਇਆ ਹੈ। ਡੇਰੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਥਾਂ ਇਕ ਨਵਾਂ ਗ੍ਰੰਥ ਸਥਾਪਿਤ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ। ਡੇਰੇ ਦੀ ਇਸ ਮੁਹਿੰਮ ਨੂੰ ਪਹਿਲਾਂ ਉਸ ਸਮੇਂ ਝਟਕਾ ਲੱਗਿਆ ਸੀ ਜਦੋਂ ਸਾਧੂ ਸੰਪ੍ਰਦਾਇ ਸੁਸਾਇਟੀ ਨੇ ਡੇਰੇ ਦੀਆਂ ਇਨ੍ਹਾਂ ਕੋਸ਼ਿਸ਼ਾਂ ਦੀ ਨਿਖੇਧੀ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਥਾ ਪ੍ਰਗਟ ਕੀਤੀ ਸੀ। ਹੁਣ ਡੇਰਾ ਬੱਲਾਂ ਦੇ ਪ੍ਰਬੰਧ ਨਾਲ ਜੁੜੇ ਇਕ ਪ੍ਰਮੁੱਖ ਸੰਤ ਨੇ ਬਗਾਵਤ ਦਾ ਬਿਗੁਲ ਵਜਾ ਦਿੱਤਾ ਹੈ।

ਡੇਰਾ ਮੁਖੀ ਸੰਤ ਨਰੰਜਣ ਦਾਸ ਤੋਂ ਬਾਅਦ ਸਭ ਤੋਂ ਸੀਨੀਅਰ ਸੰਤ ਸੁਰਿੰਦਰ ਦਾਸ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਉਹ ਡੇਰਾ ਬੱਲਾਂ ਵੱਲੋਂ ਇਸ ਸਬੰਧ ਵਿੱਚ ਚਲਾਈ ਗਈ ਮੁਹਿੰਮ ਦਾ ਪੂਰਨ ਤੌਰ 'ਤੇ ਬਾਈਕਾਟ ਕਰ ਰਹੇ ਹਨ। ਡੇਰਾ ਸੱਖਖੰਡ ਬੱਲਾਂ ਦੀ ਇਕ ਬ੍ਰਾਂਚ ਨੂਪੁਰ-ਢੇਪੁਰ ਨੇੜੇ ਅੱਡਾ ਕਫਾਰ 'ਚ ਉਨ੍ਹਾਂ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਵਿਸ਼ਵਾਸ ਤੇ ਆਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਹੈ। ਉਨ੍ਹਾਂ ਮੌਜੂਦਾ ਪੈਦਾ ਹੋਏ ਹਾਲਾਤਾਂ ਲਈ ਸਰਕਾਰ ਅਤੇ ਸਿੱਖਾਂ ਦੀ ਧਾਰਮਿਕ ਲੀਡਰਸ਼ਿਪ ਨੂੰ ਬਰਾਬਰ ਦੇ ਦੋਸ਼ੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀ ਦਾ ਇਕੋ ਹੱਲ ਹੈ ਕਿ ਰਵਦਾਸੀਆ ਭਾਈਚਾਰੇ ਨਾਲ ਹੋ ਰਹੇ ਵਿਤਕਰਿਆਂ ਨੂੰ ਦੂਰ ਕਰਨ ਲਈ ਠੋਸ ਕਦਮ ਚੁੱਕੇ ਜਾਣ। ਸੰਤ ਸੁਰਿੰਦਰ ਦਾਸ ਨੇ ਕਿਹਾ ਕਿ ਹੁਣ ਜੋ ਕੁਝ ਹੋ ਰਿਹਾ ਹੈ, ਉਹ ਸੰਤ ਰਾਮਾਨੰਦ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਸੰਤ ਰਾਮਾਨੰਦ ਅੰਤਿਮ ਸਮੇਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਚਾਰ ਕਰਦੇ ਰਹੇ। ਉਹ ਡੇਰੇ 'ਚ ਵੀ ਬੱਚਿਆਂ ਨੂੰ ਗੁਰਬਾਣੀ ਦਾ ਪਾਠ ਪੜ੍ਹਾਉਂਦੇ ਸਨ। ਉਨ੍ਹਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕੱਲੇ ਸਿੱਖਾਂ ਦਾ ਹੀ ਗ੍ਰੰਥ ਨਹੀਂ ਹੈ। ਉਨ੍ਹਾਂ ਦੀ ਧਾਰਮਿਕ ਲੀਡਰਸ਼ਿਪ ਤੇ ਖਾਸ ਕਰਕੇ ਜਥੇਦਾਰਾਂ ਦੀ ਤਿੱਖੀ ਅਲੋਚਨਾ ਕੀਤੀ ਕਿ ਜਿਨ੍ਹਾਂ ਨੇ ਜਾਤਪਾਤ ਖਤਮ ਕਰਨ ਲਈ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਧਾਰਮਿਕ ਲੀਡਰਸ਼ਿਪ ਰਵਿਦਾਸ ਭਾਈਚਾਰੇ ਤੇ ਹੋਰ ਨੀਵੀਂ ਜਾਤੀ ਦੇ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਅਨੁਸਾਰ ਬਰਾਬਰਤਾ ਦਾ ਹੱਕ ਦੁਆਉਣ ਵਿੱਚ ਅਸਫ਼ਲ ਰਹੀ ਹੈ ਤੇ ਇਨ੍ਹਾਂ ਹਾਲਾਤਾਂ ਨੇ ਹੀ ਮੌਜੂਦਾ ਸਥਿਤੀ ਪੈਦਾ ਕਰਨ ਦੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਪੈਦਾ ਹੋਏ ਹਾਲਤ ਬਾਰੇ ਸਾਨੂੰ ਸਾਰਿਆਂ ਨੂੰ ਹਾਂ ਪੱਖੀ ਸੋਚ ਅਪਣਾਉਣ ਦੀ ਲੋੜ ਹੈ। ਤਦ ਹੀ ਮਸਲੇ ਹੱਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦੋਵਾਂ ਭਾਈਚਾਰਿਆਂ ਨੂੰ ਬੜੇ ਖੁੱਲ੍ਹੇ ਮਨ ਨਾਲ ਇਨ੍ਹਾਂ ਮਸਲਿਆਂ ਨੂੰ ਵਿਚਾਰਨਾ ਚਾਹੀਦਾ ਹੈ ਤਾਂ ਜੋ ਆਪਸੀ ਭਾਈਚਾਰਕ ਸਾਂਝ ਬਣੀ ਰਹੇ।

ਉਨ੍ਹਾਂ ਇੰਗਲੈਂਡ ਵਿੱਚ ਚਲੇ ਇੱਕ ਕੇਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਡੇਰਾ ਸੱਚਖੰਡ ਬੱਲਾਂ ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਸਨ, ਜਿਸ ਵਿੱਚ ਉਨ੍ਹਾਂ ਨੂੰ ਇਕ ਗਵਾਹ ਵਜੋਂ ਗਵਾਈ ਦੌਰਾਨ ਉਨ੍ਹਾਂ ਜਿਹੜਾ ਹਲਫ਼ਨਾਮਾ ਦਿੱਤਾ ਸੀ ਉਸ ਵਿੱਚ ਸਪੱਸ਼ਟ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਾਡਾ ਪਵਿੱਤਰ ਗ੍ਰੰਥ ਹੈ, ਇਸ ਵਿੱਚ ਸ੍ਰੀ ਗੁਰੂ ਰਵਿਦਾਸ ਜੀ 'ਤੇ ਹੋਰ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ ਜੋ ਊਚ-ਨੀਚ ਦਾ ਭੇਦ ਭਾਵ ਖਤਮ ਕਰਦੀ ਹੈ ਤੇ ਬਰਾਬਰੀ ਤੇ ਸਰਬਤ ਦੇ ਭਲੇ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ ਦੇ ਹੱਲ ਲਈ ਹਾਂ ਪੱਖੀ ਸੋਚ ਅਪਣਾਏ ਜਾਣ ਦੀ ਲੋੜ ਹੈ। ਇਸ ਲਈ ਸਰਕਾਰ, ਸਿੱਖ ਧਾਰਮਿਕ ਲੀਡਰਸ਼ਿਪ ਤੇ ਸਮਾਜ ਖੁੱਲ੍ਹੇ ਮਨ ਨਾਲ ਸੋਚ, ਵਿਚਾਰ ਕਰਕੇ ਆਪਸੀ ਭਾਈਚਾਰੇ ਦੀਆਂ ਹੱਦਾਂ ਕਿਵੇਂ ਮਜ਼ਬੂਤ ਕਰਨੀਆਂ ਹਨ।

ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ

ਭਦੌੜ 7 ਫਰਵਰੀ (ਰੌਕੀ)-ਇਥੋਂ ਨੇੜਲੇ ਪਿੰਡ ਟੱਲੇਵਾਲ ਦੀ ਨਹਿਰ ਦੇ ਪੁਲ 'ਤੇ ਕਿਸੇ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਹੈ। ਮ੍ਰਿਤਕ ਵਿਅਕਤੀ ਦੀ ਉਮਰ ਲਗਭਗ 35 ਦੇ ਕਰੀਬ ਹੈ। ਮਿਲੀ ਜਾਣਕਾਰੀ ਮੁਤਾਬਿਕ ਅੱਜ ਸਵੱਖਤੇ ਜਿਉਂ ਹੀ ਨਹਿਰੀ ਕੋਠੀ ਵਾਲੇ ਮੁਲਾਜ਼ਮ ਆਏ ਤਾਂ ਉਕਤ ਲਾਸ਼ ਨਹਿਰ ਦੇ ਬਿਲਕੁਲ ਨਜ਼ਦੀਕ ਹੀ ਮੂਧੀ ਪਈ ਸੀ। ਕਿਸੇ ਵੱਲੋਂ ਉਕਤ ਅਣਪਛਾਤੇ ਵਿਅਕਤੀ ਨੂੰ ਮਾਰ ਕੇ ਨਹਿਰ 'ਚ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਜਾਪਦੀ ਸੀ। ਇਹ ਵੀ ਜਾਪ ਰਿਹਾ ਸੀ ਜਿਵੇਂ ਲਾਸ਼ ਸੁਟਣ ਆਏ ਵਿਅਕਤੀ ਲਾਸ਼ ਨੂੰ ਪੁਲ਼ ਤੋਂ ਨਹਿਰ 'ਚ ਸੁਟਣਾਂ ਚਾਹੁੰਦੇ ਸਨ ਪਰ ਉਹ ਬਾਹਰ ਹੀ ਡਿੱਗ ਪਈ। ਮ੍ਰਿਤਕ ਵਿਅਕਤੀ ਦੇ ਦੋਵੇਂ ਹੱਥ ਪਰਨੇ ਨਾਲ ਬੰਨ੍ਹੇ ਹੋਏ ਸਨ ਅਤੇ ਗਲ਼ ਵਿੱਚ ਵੀ ਰੱਸਾ ਪਾਇਆ ਹੋਇਆ ਹੈ। ਮੌਕਾ ਦੇਖ ਕੇ ਇਹ ਲਾਸ਼ ਪੁਲ ਦੇ ਉਪਰੋਂ ਸੁੱਟੀ ਗਈ ਜਾਪਦੀ ਸੀ। ਮ੍ਰਿਤਕ ਵਿਅਕਤੀ ਦੇ ਸੱਜੇ ਹੱਥ ਵਿੱਚ ਕਾਲੇ ਰੰਗ ਦਾ ਕੜਾ ਪਾਇਆ ਹੋਇਆ ਹੈ। ਨੀਲੇ ਅਸਮਾਨੀ ਰੰਗ ਦੀ ਕਮੀਜ ਪਜਾਮਾ ਪਹਿਨਿਆ ਹੋਇਆ ਹੈ। ਉਨਾਬੀ ਰੰਗ ਦੀ ਕੋਟੀ ਪਾਈ ਹੋਈ ਹੈ। ਕੇਸ ਰੱਖੇ ਹੋਏ ਹਨ ਅਤੇ ਦਾਹੜੀ ਕੱਟੀ ਹੋਈ ਹੈ ਅਤੇ ਸਿਰ 'ਤੇ ਨੀਲੇ ਰੰਗ ਦਾ ਪਰਨਾ ਵੀ ਹੈ। ਥਾਣਾ ਭਦੌੜ ਦੀ ਪੁਲਿਸ ਇਸ ਕੇਸ਼ ਦੀ ਗਹਿਰਾਈ ਨਾਲ ਤਫਤੀਸ ਕਰ ਰਹੀ ਹੈ। ਥਾਣ ਮੁਖੀ ਸ੍ਰੀ ਸੁਮਿਤ ਸੂਦ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਇਸ ਲਾਸ਼ ਜਾਂ ਕੇਸ਼ ਸਬੰਧੀ ਜਾਣਕਾਰੀ ਦੇਵੇਗਾ ਤਾਂ ਉਸਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ। ਇਸ ਸਬੰਧੀ ਪੁਲਿਸ ਕੰਟਰੋਲ ਰੂਮ ਨੰਬਰ 01679-230100 'ਤੇ ਸਪੰਰਕ ਵੀ ਕੀਤਾ ਜਾ ਸਕਦਾ ਹੈ।

ਸ਼ਿਵਰਾਤਰੀ ਦਾ ਤਿਉਹਾਰ ਮਨਾਉਣ ਲਈ ਤਿਆਰੀਆਂ ਜ਼ੋਰਾਂ 'ਤੇ

ਸ੍ਰੀ ਹਰਗੋਬਿੰਦਪੁਰ, 7 ਫਰਵਰੀ (ਕੌਸ਼ਲ ਪੁਰੀ)-ਸਿਟੀ ਪ੍ਰਧਾਨ ਮੋਹਨ ਲਾਲ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸ੍ਰੀ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਹਰ ਸਾਲ ਦੀ ਤਰ੍ਹਾਂ ਪੁਰਾਤਨ ਸ਼ਿਵ ਮੰਦਰ ਸ੍ਰੀ ਹਰਗੋਬਿੰਦਪੁਰ ਵਿਖੇ ਮਨਾਉਣ ਲਈ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਪ੍ਰਧਾਨ ਨੇ ਕਿਹਾ ਕਿ ਸ਼ਿਵ ਮੰਦਰ ਨੂੰ ਅਤੇ ਸ਼ਹਿਰ ਦੇ ਮੇਨ ਬਜ਼ਾਰ ਨੂੰ ਇੱਕ ਦੁਲਹਣ ਦੀ ਤਰ੍ਹਾਂ ਸਜਾਉਣ ਲਈ ਪ੍ਰਸਿੱਧ ਸਾਊਂਡ ਅਤੇ ਲਾਈਟਾਂ ਦਾ ਇੰਤਜ਼ਾਮ ਕਰ ਲਿਆ ਗਿਆ ਹੈ। ਨਾਮਵਰ ਕਥਾ ਵਾਚਕ, ਕੀਰਤਨੀ ਵਿਦਵਾਨਾਂ ਦਾ ਵੀ ਪ੍ਰਬੰਧ ਕਰ ਲਿਆ ਗਿਆ ਹੈ। ਪ੍ਰਧਾਨ ਨੇ ਕਿਹਾ ਕਿ 12 ਫਰਵਰੀ ਨੂੰ ਸਵੇਰੇ 4 ਵਜੇ ਪ੍ਰਭਾਤ ਫੇਰੀ ਨਿਕਲੇਗੀ ਜੋ ਕਿ ਮੇਨ ਬਜ਼ਾਰ ਸ਼ਹਿਰ ਦੀਆਂ ਗਲੀਆਂ ਵਿੱਚੋਂ ਹੁੰਦੀ ਹੋਈ ਵਾਪਸ ਪੁਰਾਤਨ ਸ਼ਿਵ ਮੰਦਰ ਪਹੁੰਚਏਗਾ, ਜਿਸ ਦੇ ਸਵਗਾਤ ਲਈ ਲੋਕਾਂ ਨੇ ਫਰੂਟ ਅਤੇ ਚਾਹ ਦੇ ਲੰਗਰ ਦਾ ਪ੍ਰੋਗਰਾਮ ਸਾਨੂੰ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਗਵਾਨ ਸ਼ਿਵ ਮੰਦਰ ਤੋਂ ਇਲਾਵਾ ਵੀ ਸ਼ਹਿਰ ਵਿੱਚ ਸਾਰਾ ਦਿਨ ਲੰਗਰ ਚੱਲਣਗੇ। ਸ਼ੋਭਾ ਯਾਤਰਾ ਸਮੇਂ ਬਾਹਰੋਂ ਆ ਰਹੇ ਵਿਦਵਾਨ ਸੰਗਤਾਂ ਨੂੰ ਸ਼ਿਵ ਮਹਿਮਾ ਸੁਣਾ ਕੇ ਨਿਹਾਲ ਕਰਨਗੇ। ਇਸ ਸਮੇਂ ਉਨ੍ਹਾਂ ਨਾਲ ਅਨਿਲ ਥਾਪਰ, ਰਾਕੇਸ਼ ਥਾਪਰ, ਬੰਟੂ ਖੁੱਲਰ, ਦੇਸਾ ਖੁੱਲਰ, ਹੈਪੀ ਲਖਨਪਾਲ, ਯੋਗੇਸ਼ ਜੱਟ, ਵਿੱਕੀ ਵਸੀਕਾ, ਬੱਬੂ ਥਾਪਰ, ਬੌਬੀ ਚਾਂਦਨਾ, ਸੁਧੀਰ ਸਨਮਾਨ ਕੌਸ਼ਲ ਪੁਰੀ, ਬੀਰੂ, ਕੈਪਟਨ ਦਰਜੀ ਹਾਜ਼ਰ ਸਨ।

ਹਰਿਆਣੇ ਦਾ ਸੂਰਜ ਕੁੰਡ ਮੇਲਾ ਛੱਡ ਗਿਆ ਅਮਿੱਟ ਯਾਦਾਂ

24ਵੇਂ ਸੂਰਜ ਕੁੰਡ ਮੇਲੇ ਦੌਰਾਨ ਇੱਕ ਲੱਖ ਤੋਂ ਵੱਧ ਸੈਲਾਨੀਆਂ ਦੀ ਭੀੜ ਉਮੜੀ, ਸੁਰੱਖਿਆ ਅਤੇ ਆਵਾਜਾਈ ਦੇ ਪ੍ਰਬੰਧ ਪੁਖਤਾ। ਇਸ ਮੇਲੇ 'ਚ ਕੇਰਲਾ ਤੋਂ ਸਟੂਡੈਂਟਸ ਦਾ ਇੱਕ ਗਰੁੱਪ ਵੀ ਪਹੁੰਚਿਆ। ਤਸਵੀਰ ਤੇ ਵੇਰਵਾ-ਨਾਗਪਾਲ